# ਸਿਟੀ ਆਫ ਬ੍ਰੈਂਪਟਨ ਪੌਪ-ਅਪ ਸਰਵਿਸ ਬ੍ਰੈਂਪਟਨ ਕਾਉਂਟਰ ਖੋਲ ਰਹੀ ਹੈ

ਬ੍ਰੈਂਪਟਨ, ਓਨਟੈਰੀਓ (27 ਅਗਸਤ, 2021) – 1 ਸਤੰਬਰ, 2021 ਤੋਂ ਸ਼ੁਰੂ ਕਰਦੇ ਹੋਏ, ਨਵੇਂ ਸਰਵਿਸ ਬ੍ਰੈਂਪਟਨ (Service Brampton) ਵਿਅਕਤੀਗਤ ਪੌਪ-ਅਪ ਕਾਉਂਟਰ, ਸੁਜੈਨ ਫੇਨਲ ਸਪੋਰਟਸਪਲੈਕਸ (Susan Fennell Sportsplex), ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ (Cassie Campbell Community Centre) ਅਤੇ ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre) ਵਿਖੇ ਅਸਥਾਈ ਤੌਰ ਤੇ ਖੁੱਲਣਗੇ। ਇਹ ਕਾਉਂਟਰ, ਬ੍ਰੈਂਪਟਨ ਦੇ ਨਿਵਾਸੀਆਂ ਲਈ ਜਾਣਕਾਰੀ ਅਤੇ ਸਿਟੀ ਦੀਆਂ ਸੇਵਾਵਾਂ ਤੱਕ ਅਸਾਨ ਪਹੁੰਚ ਪ੍ਰਦਾਨ ਕਰਨਗੇ। ਮੁਲਾਕਾਤ ਬੁੱਕ ਕਰਨਾ ਲਾਜ਼ਮੀ ਹੈ ਅਤੇ ਇਹ www.brampton.ca/SkipTheLine ਤੇ ਬੁੱਕ ਕੀਤੀ ਜਾ ਸਕਦੀ ਹੈ।

ਨਿਵਾਸੀ, ਸੇਵਾਵਾਂ ਦੀ ਬੇਨਤੀ ਕਰਨ ਅਤੇ ਰੇਕ੍ਰੀਏਸ਼ਨ ਰਜਿਸਟਰੇਸ਼ਨ, ਪਾਰਕਿੰਗ ਟਿਕਟ ਭੁਗਤਾਨਾਂ ਅਤੇ ਗੈਰ-ਨਕਦੀ ਟੈਕਸ ਭੁਗਤਾਨਾਂ ਸਮੇਤ, ਕਈ ਵੱਖਰੀਆਂ ਟ੍ਰਾਂਜੈਕਸ਼ਨਾਂ ਪੂਰੀਆਂ ਕਰਨ ਲਈ, ਸਰਵਿਸ ਬ੍ਰੈਂਪਟਨ ਦੀਆਂ ਪੂਰੇ ਸ਼ਹਿਰ ਦੀਆਂ ਥਾਵਾਂ ਤੇ ਸੁਵਿਧਾਜਨਕ ਤਰੀਕੇ ਨਾਲ ਜਾ ਸਕਣਗੇ। ਇਹਨਾਂ ਥਾਵਾਂ ਵਿਖੇ, ਕ੍ਰੈਡਿਟ ਕਾਰਡ, ਡੈਬਿਟ ਕਾਰਡ ਅਤੇ ਚੈੱਕ ਸਵੀਕਾਰ ਕੀਤੇ ਜਾਣਗੇ।

ਨਵੇਂ ਸਰਵਿਸ ਬ੍ਰੈਂਪਟਨ ਪੌਪ-ਅਪ ਕਾਉਂਟਰਾਂ ਦਾ ਅਸਥਾਈ ਵਿਸਤਾਰ, 2022 ਦੇ ਅੰਤ ਤੱਕ ਰਹੇਗਾ। ਇਸਦੇ ਬਾਅਦ, ਸਟਾਫ਼ ਸਮੀਖਿਆ ਕਰੇਗਾ ਕਿ ਕੀ ਥਾਵਾਂ ਦਾ ਸਥਾਈ ਤੌਰ ਤੇ ਵਿਸਤਾਰ ਕਰਨ ਦੀ ਲੋੜ ਹੈ।

**ਸਰਵਿਸ ਬ੍ਰੈਂਪਟਨ ਨੂੰ, ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ 7 ਦਿਨ ਸੰਪਰਕ ਕਰਨ ਦੇ ਚਾਰ ਸੁਵਿਧਾਜਨਕ ਤਰੀਕੇ ਹਨ:**

- ਔਨਲਾਈਨ 311Brampton.ca ਤੇ ਜਾਓ
- ਐਪ ਸਟੋਰ (App Store) ਜਾਂ Google Play (ਗੂਗਲ ਪਲੇ) ਤੇ 311 ਬ੍ਰੈਂਪਟਨ (311 Brampton) ਐਪ ਡਾਊਨਲੋਡ ਕਰੋ
- ਬ੍ਰੈਂਪਟਨ ਦੀਆਂ ਸੀਮਾਵਾਂ ਦੇ ਅੰਦਰ ਤੋਂ 311 (ਸਿਟੀ ਦੀਆਂ ਸੀਮਾਵਾਂ ਦੇ ਬਾਹਰ ਤੋਂ 905.874.2000) ਡਾਇਲ ਕਰੋ
- 311@brampton.ca ਤੇ ਈਮੇਲ ਕਰੋ

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca